GLOBAL CONTAINER TERMINALS CANADA

*Where tomorrow arrives today.*



# GCT Deltaport & VFPA Pilot Operational Efficiencies for Truckers

## ਟਰੱਕਰਾਂ ਦੀ ਕਾਰੋਬਾਰੀ ਸਮਰੱਥਾ ਵਿਚ ਸੁਧਾਰ ਕਰਨ ਲਈ ਜੀ ਸੀ ਟੀ ਡੈਲਟਾਪੋਰਟ ਅਤੇ ਵੈਨਕੂਵਰ ਫਰੇਜ਼ਰ ਅਥਾਰਟੀ (ਵੀ ਐੱਫ ਪੀ ਏ) ਦਾ ਪਾਇਲਟ ਪ੍ਰੋਜੈਕਟ

**16 May 2018**

In our effort to continue improving the service experience for the drayage community, GCT Canada has identified an additional opportunity to improve operational efficiencies for truckers at GCT Deltaport.

Collaborating with the Vancouver Fraser Port Authority, we have identified an opportunity to streamline calling GCT Deltaport by piloting the elimination of one step during a truck’s approach.

Effective June 1, 2018, container truck operators will no longer be required to enter their appointment number when arriving at the GCT Deltaport Vehicle Access Control System ("VACS") gate for a trial period of 7 months. Servicing only GCT Deltaport, appointment number confirmation at the VACS gate has been identified as a redundant step to the pre-gate process.

This new program is intended to speed container truck turn times, allowing a more

efficient arrival at GCT Deltaport’s pre-gates.

Please note that it remains the responsibility of the truck operator to ensure they have a valid appointment number when arriving at the GCT pre-gate. Those truck operators not in possession of a valid appointment number will be denied entry and turned around.

This new process does not in any way impact the point or timing used for truck turn time measurement that continues to be collected via GPS.

Appointment number verification remains in place for the VACS gates on the South Shore of Burrard Inlet in the Port of Vancouver properties, as these gates service multiple terminals.

Thank you in advance for your collaboration and ensuring this new information is shared with all container truck operators. If you have any questions or feedback, please do not hesitate to contact customerservice-can@globalterminals.com.

Punjabi follows below.

---

**16 ਮਈ 2018**

ਟਰੱਕਾਂ ਵਾਲਿਆਂ ਲਈ ਸਰਵਿਸ ਵਿਚ ਸੁਧਾਰ ਕਰਨਾ ਜਾਰੀ ਰੱਖਣ ਦੇ ਆਪਣੇ ਯਤਨਾਂ ਕਾਰਨ, ਜੀ ਸੀ ਟੀ ਕੈਨੇਡਾ ਨੇ ਜੀ ਸੀ ਟੀ ਡੈਲਟਾਪੋਰਟ ਵਿਖੇ ਟਰੱਕਰਾਂ ਲਈ ਕਾਰੋਬਾਰੀ ਸਮਰੱਥਾ ਵਿਚ ਸੁਧਾਰ ਕਰਨ ਦੇ ਇਕ ਹੋਰ ਮੌਕੇ ਦੀ ਪਛਾਣ ਕੀਤੀ ਹੈ।

ਵੈਨਕੂਵਰ ਫਰੇਜ਼ਰ ਪੋਰਟ ਅਥਾਰਟੀ ਦੇ ਸਹਿਯੋਗ ਨਾਲ, ਅਸੀਂ ਟਰੱਕ ਦੇ ਪਹੁੰਚਣ ਵੇਲੇ ਇਕ ਕਦਮ ਨੂੰ ਖਤਮ ਕਰਨ ਦੀ ਅਜ਼ਮਾਇਸ਼ ਕਰਕੇ ਜੀ ਸੀ ਟੀ ਡੈਲਟਾਪੋਰਟ ਨੂੰ ਸਰਲ ਬਣਾਉਣ ਦੇ ਇਕ ਮੌਕੇ ਦੀ ਪਛਾਣ ਕੀਤੀ ਹੈ।

1 ਜੂਨ, 2018 ਤੋਂ, ਕਨਟੇਨਰ ਟਰੱਕ ਡਰਾਈਵਰਾਂ ਨੂੰ ਜੀ ਸੀ ਟੀ ਡੈਲਟਾਪੋਰਟ ਦੇ ਵਹੀਕਲ ਐਕਸੈੱਸ ਕੰਟਰੋਲ ਸਿਸਟਮ (ਵੀ ਏ ਸੀ ਐੱਸ) `ਤੇ ਪਹੁੰਚਣ ਵੇਲੇ ਆਪਣਾ ਅਪੌਇੰਟਮੈਂਟ ਨੰਬਰ ਇੰਟਰ ਕਰਨ ਦੀ ਲੋੜ ਨਹੀਂ ਪਵੇਗੀ ਜੋ ਕਿ 7 ਮਹੀਨੇ ਦੇ ਅਜ਼ਮਾਇਸੀ ਸਮੇਂ ਲਈ ਹੋਵੇਗਾ। ਸਿਰਫ ਜੀ ਸੀ ਟੀ ਡੈਲਟਾਪੋਰਟ ਵਿਖੇ, ਵੀ ਏ ਸੀ ਐੱਸ ਗੇਟ `ਤੇ

ਅਪੌਇੰਟਮੈਂਟ ਨੰਬਰ ਦੀ ਤਸਦੀਕ ਨੂੰ ਗੇਟ ਤੋਂ ਪਹਿਲਾਂ ਦੀ ਕਾਰਵਾਈ ਵਿਚ ਇਕ ਫਾਲਤੂ ਕਦਮ ਸਮਝਿਆ ਗਿਆ ਹੈ।

ਇਸ ਨਵੇਂ ਪ੍ਰੋਗਰਾਮ ਦਾ ਮਕਸਦ, ਕਨਟੇਨਰ ਟਰੱਕਾਂ ਦੇ ਮੁੜਨ ਦੇ ਸਮਿਆਂ ਨੂੰ ਤੇਜ਼ ਕਰਨਾ ਹੈ, ਜਿਸ ਨਾਲ ਜੀ ਸੀ ਟੀ ਡੈਲਟਾਪੋਰਟ ਦੇ ਪ੍ਰੀ-ਗੇਟਾਂ `ਤੇ ਜ਼ਿਆਦਾ ਕਾਰਗਰ ਪਹੁੰਚ ਹੋਵੇਗੀ।

ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਇਹ ਪੱਕਾ ਕਰਨ ਦੀ ਜ਼ਿੰਮੇਵਾਰੀ ਟਰੱਕ ਡਰਾਈਵਰਾਂ ਦੀ ਰਹੇਗੀ ਕਿ ਜੀ ਸੀ ਟੀ ਪ੍ਰੀ-ਗੇਟ `ਤੇ ਪਹੁੰਚਣ ਵੇਲੇ ਉਨ੍ਹਾਂ ਕੋਲ ਯੋਗ ਅਪੌਇੰਟਮੈਂਟ ਨੰਬਰ ਹੈ। ਜਿਨ੍ਹਾਂ ਟਰੱਕ ਡਰਾਈਵਰਾਂ ਕੋਲ ਯੋਗ ਅਪੌਇੰਟਮੈਂਟ ਨੰਬਰ ਨਹੀਂ ਹੋਵੇਗਾ, ਉਨ੍ਹਾਂ ਨੂੰ ਦਾਖਲ ਹੋਣ ਤੋਂ ਮਨਾਹੀ ਕੀਤੀ ਜਾਵੇਗੀ ਅਤੇ ਪਿੱਛੇ ਮੋੜਿਆ ਜਾਵੇਗਾ।

ਇਹ ਨਵਾਂ ਤਰੀਕਾ ਕਿਸੇ ਵੀ ਤਰ੍ਹਾਂ ਟਰੱਕ ਟਰਨ ਸਮੇਂ ਲਈ ਵਰਤੇ ਜਾਂਦੇ ਪੋਆਇੰਟ ਜਾਂ ਸਮੇਂ ਦੇ ਅਨੁਮਾਨ `ਤੇ ਕੋਈ ਅਸਰ ਨਹੀਂ ਪਾਉਂਦਾ ਜੋ ਕਿ ਜੀ ਪੀ ਐੱਸ ਰਾਹੀਂ ਇਕੱਤਰ ਹੋਣਾ ਜਾਰੀ ਰਹੇਗਾ।

ਪੋਰਟ ਔਫ ਵੈਨਕੂਵਰ ਦੀਆਂ ਪ੍ਰਾਪਰਟੀਆਂ ਵਿਚ ਬੁਰਾਰਡ ਇਨਲੈੱਟ ਦੇ ਸਾਊਥ ਸ਼ੋਅਰ `ਤੇ ਵੀ ਏ ਸੀ ਐੱਸ ਗੇਟਾਂ ਲਈ ਅਪੌਇੰਟਮੈਂਟ ਨੰਬਰ ਦੀ ਤਸਦੀਕ ਜਾਰੀ ਰਹੇਗੀ ਕਿਉਂਕਿ ਇਹ ਗੇਟ ਕਈ ਟਰਮੀਨਲਾਂ ਨੂੰ ਸਰਵਿਸ ਦਿੰਦੇ ਹਨ।

ਸਹਿਯੋਗ ਦੇਣ ਲਈ ਅਤੇ ਇਹ ਪੱਕਾ ਕਰਨ ਲਈ ਤੁਹਾਡਾ ਅਗਾਊਂ ਧੰਨਵਾਦ ਕਿ ਇਹ ਨਵੀਂ ਜਾਣਕਾਰੀ ਸਾਰੇ ਕਨਟੇਨਰ ਟਰੱਕ ਡਰਾਈਵਰਾਂ ਨਾਲ ਸਾਂਝੀ ਹੋ ਗਈ ਹੈ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਵਿਚਾਰ ਹੋਣ ਤਾਂ ਕਿਰਪਾ ਕਰਕੇ ਬੇਝਿਜਕ customerservice-can@globalterminals.com `ਤੇ ਸੰਪਰਕ ਕਰੋ।